


# ਸਾਡੇ ਸਕੂਲ ਦੇ ਆਸ-ਪਾਸ ਬੱਚਿਆਂ ਨੂੰ ਚੁੱਕਣ ਅਤੇ ਉਤਾਰਨ (PICK-UP & DROP-OFF) ਵਾਲੇ (PUDO) ਜ਼ੋਨ

## ਸੁਰੱਖਿਆ ਹਰ ਕਿਸੇ ਦੀ ਜ਼ਿੰਮੇਵਾਰੀ ਹੈ




## PUDO ਜ਼ੋਨ ਕੀ ਹੈ?

PUDO ਜ਼ੋਨ 2-ਮਿੰਟ ਲਈ ਗੱਡੀ ਖੜ੍ਹਾਉਣ ਵਾਲੀ ਥਾਂ ਹੁੰਦੀ ਹੈ ਜਿਸਦੀ ਵਰਤੋਂ ਤੁਸੀਂ ਆਪਣੇ ਬੱਚੇ ਨੂੰ ਸੁਰੱਖਿਅਤ ਢੰਗ ਨਾਲ ਅਤੇ ਆਸਾਨੀ ਨਾਲ ਸਕੂਲ ਤੋਂ ਚੁੱਕਣ ਅਤੇ ਉਤਾਰਨ ਲਈ ਕਰ ਸਕਦੇ ਹੋ। ਇਹ ਏਅਰਪੋਰਟ ਟੈਕਸੀ ਰੈਂਕ ਵਾਂਗ ਹੀ ਕੰਮ ਕਰਦਾ ਹੈ।

### ਸਵੇਰ ਵੇਲੇ ਇਸ ਜ਼ੋਨ ਦੀ ਵਰਤੋਂ ਕਰਨਾ:

ਤੁਸੀਂ ਹੇਠਾਂ ਦਿੱਤੇ ਕਦਮਾਂ ਦੀ ਵਰਤੋਂ ਕਰਦੇ ਹੋਏ, **ਸਵੇਰੇ 8 ਵਜੇ ਤੋਂ ਲੈ ਕੇ ਸਵੇਰੇ 9:30 ਵਜੇ ਤੱਕ** PUDO ਦੀ ਵਰਤੋਂ ਕਰ ਸਕਦੇ ਹੋ:

1. ਕਤਾਰ ਵਿੱਚ ਲੱਗ ਜਾਵੋ, ਬੱਚਿਆਂ ਨੂੰ ਸੀਟਬੈਲਟਾਂ ਲੱਗੇ ਹੋਣ ਸਮੇਤ ਕਾਰ ਦੇ ਅੰਦਰ ਹੀ ਰੱਖੋ ਅਤੇ ਕਾਰ ਨੂੰ ਅੱਗੇ ਲਿਜਾਂਦੇ ਰਹੋ ਜਦੋਂ ਤੱਕ ਤੁਸੀਂ ਅੱਗੇ ਨਹੀਂ ਪਹੁੰਚ ਜਾਂਦੇ ਹੋ
2. ਜਦੋਂ ਪੂਰੀ ਤਰ੍ਹਾਂ ਰੁਕ ਜਾਵੋ, ਤਾਂ ਆਪਣੇ ਬੱਚਿਆਂ ਨੂੰ ਕਾਰ ਤੋਂ ਬਾਹਰ ਨਿੱਕਲ ਜਾਣ ਦਿਓ
3. ਜੇਕਰ ਤੁਹਾਡੇ ਬੱਚੇ ਨੂੰ ਸਹਾਇਤਾ ਦੀ ਲੋੜ ਨਹੀਂ ਹੈ ਤਾਂ ਤੁਸੀਂ ਆਪਣੀ ਕਾਰ ਵਿੱਚ ਹੀ ਰਹੋ, ਅਤੇ ਇੱਕ ਵਾਰ ਜਦੋਂ ਤੁਹਾਡਾ ਬੱਚਾ ਕਾਰ ਤੋਂ ਦੂਰ ਚਲਾ ਜਾਂਦਾ ਹੈ ਤਾਂ ਤੁਸੀਂ ਵੀ ਚਲੇ ਜਾਓ।

ਕਿਰਪਾ ਕਰਕੇ ਘਰੋਂ ਤੁਰਨ ਤੋਂ ਪਹਿਲਾਂ ਕਾਰ ਵਿੱਚ ਸਮਾਨ ਰੱਖਣ ਵੇਲੇ ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦਾ ਬੈਗ ਆਸਾਨੀ ਨਾਲ ਚੁੱਕਿਆ ਜਾ ਸਕਦਾ ਹੈ।

### ਦੁਪਹਿਰ ਵੇਲੇ ਇਸ ਜ਼ੋਨ ਦੀ ਵਰਤੋਂ ਕਰਨਾ:

ਤੁਸੀਂ ਹੇਠਾਂ ਦਿੱਤੇ ਕਦਮਾਂ ਦੀ ਵਰਤੋਂ ਕਰਦੇ ਹੋਏ, **ਦੁਪਹਿਰ 2:30 ਵਜੇ ਤੋਂ ਸ਼ਾਮ 4 ਵਜੇ ਤੱਕ** PUDO ਦੀ ਵਰਤੋਂ ਕਰ ਸਕਦੇ ਹੋ:

1. ਜਦੋਂ ਤੁਹਾਡਾ ਬੱਚਾ ਸੜਕ ਕਿਨਾਰੇ ਇੰਤਜ਼ਾਰ ਕਰ ਰਿਹਾ ਹੋਵੇ, ਤਾਂ ਕਤਾਰ ਵਿੱਚ ਲੱਗ ਜਾਵੋ ਅਤੇ ਕਾਰ ਨੂੰ ਅੱਗੇ ਤੋਰਦੇ ਰਹੋ ਜਦੋਂ ਤੱਕ ਤੁਸੀਂ ਅੱਗੇ ਨਹੀਂ ਪਹੁੰਚ ਜਾਂਦੇ ਹੋ
2. ਇੱਕ ਵਾਰ ਪੂਰੀ ਤਰ੍ਹਾਂ ਰੁਕਣ 'ਤੇ, ਆਪਣੇ ਬੱਚੇ ਨੂੰ ਸੜਕ ਦੇ ਕਿਨਾਰੇ ਦੇ ਸਭ ਤੋਂ ਨੇੜਲੇ ਦਰਵਾਜ਼ੇ ਦੀ ਵਰਤੋਂ ਕਰਕੇ ਕਾਰ ਵਿੱਚ ਵੜ੍ਹਨ ਦਿਓ
3. ਜੇਕਰ ਤੁਹਾਡੇ ਬੱਚੇ ਨੂੰ ਸਹਾਇਤਾ ਦੀ ਲੋੜ ਨਹੀਂ ਹੈ ਤਾਂ ਤੁਸੀਂ ਆਪਣੀ ਕਾਰ ਵਿੱਚ ਹੀ ਰਹੋ
4. ਜੇਕਰ ਤੁਹਾਡਾ ਬੱਚਾ ਤੁਹਾਡੇ ਪਹੁੰਚਣ 'ਤੇ ਉਡੀਕ ਨਹੀਂ ਕਰ ਰਿਹਾ ਹੈ, ਤਾਂ ਬਲਾਕ ਦੇ ਆਲੇ-ਦੁਆਲੇ ਗੇੜਾ ਕੱਢੋ ਅਤੇ ਦੁਬਾਰਾ ਆ ਕੇ ਕਤਾਰ ਵਿੱਚ ਲੱਗੋ।

ਘੰਟੀ ਵੱਜਣ ਤੋਂ ਬਾਅਦ ਹੀ ਸਕੂਲ ਪਹੁੰਚਣ ਦੀ ਯੋਜਨਾ ਬਣਾਓ। ਤੁਹਾਨੂੰ PUDO ਜ਼ੋਨ ਵਿੱਚ ਉਡੀਕ ਕਰਨ ਦੀ ਆਗਿਆ ਨਹੀਂ ਹੈ।

### ਯਾਦ ਰੱਖੋ...

- ਹਮੇਸ਼ਾ ਆਪਣੀ ਕਾਰ ਤੋਂ ਤਿੰਨ ਮੀਟਰ ਦੀ ਦੂਰੀ ਦੇ ਅੰਦਰ-ਅੰਦਰ ਹੀ ਰਹੋ
- ਆਪਣੀ ਕਾਰ ਨੂੰ ਬਿਨਾਂ ਨਿਗਰਾਨੀ ਨਾ ਛੱਡੋ
- 2-ਮਿੰਟ ਤੋਂ ਵੱਧ ਸਮੇਂ ਲਈ ਨਾ ਰੁਕੋ
- ਜੇਕਰ ਤੁਸੀਂ ਆਪਣੀ ਕਾਰ ਨੂੰ ਛੱਡਕੇ ਜਾਂਦੇ ਹੋ ਜਾਂ 2-ਮਿੰਟ ਤੋਂ ਵੱਧ ਉਡੀਕ ਕਰਦੇ ਹੋ, ਤਾਂ ਇਸ ਨੂੰ ਪਾਰਕਿੰਗ ਅਪਰਾਧ ਮੰਨਿਆ ਜਾਂਦਾ ਹੈ ਜਿਸ ਕਾਰਨ ਜੁਰਮਾਨਾ ਹੋ ਸਕਦਾ ਹੈ |
- ਅਸੁਰੱਖਿਅਤ ਤਰੀਕੇ ਨਾਲ ਪਾਰਕਿੰਗ ਕਰਨੀ ਬੱਚਿਆਂ ਨੂੰ ਖ਼ਤਰੇ ਵਿੱਚ ਪਾਉਂਦੀ ਹੈ, ਉਹਨਾਂ ਨੂੰ ਸੁਰੱਖਿਅਤ ਰੱਖਣ ਲਈ ਆਪਣਾ ਯੋਗਦਾਨ ਪਾਓ।

ਹੋਰ ਜਾਣਕਾਰੀ ਲਈ, QR ਕੋਡ ਨੂੰ ਸਕੈਨ ਕਰੋ ਜਾਂ **vicroads.vic.gov.au/safety-and-road-rules/road-safety-education** 'ਤੇ ਜਾਓ।

CITY OF MELTON